**ਨਿਊਜ਼** ਰਿਲੀਜ਼

# ਵਧੇਰੇ ਡਾਕਟਰਾਂ ਅਤੇ ਨਰਸਾਂ ਨੂੰ ਸਿਖਲਾਈ ਦੇਣਾ

13 ਮਾਰਚ, 2023

2023 ਦਾ ਬਜਟ 3,400 ਤੋਂ ਵੱਧ ਵਾਧੂ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਸਿਖਲਾਈ ਦੇਣ ਲਈ ਪੋਸਟ-ਸੈਕੰਡਰੀ ਸਿਹਤ ਸੰਭਾਲ ਪ੍ਰੋਗਰਾਮਾਂ ਦਾ ਵਿਸਤਾਰ ਕਰਨ ਲਈ ਲਗਭਗ $200 ਮਿਲੀਅਨ ਦਾ ਨਿਵੇਸ਼ ਕਰੇਗਾ।

ਅਲਬਰਟਾ ਵਿੱਚ ਦੁਨੀਆਂ ਵਿਚਲੇ ਸਭ ਤੋਂ ਵਧੀਆ ਮੂਹਰਲੀ ਕਤਾਰ ਦੇ ਸਿਹਤ ਦੇਖਭਾਲ ਦੇ ਵਰਕਰ ਹਨ। ਅਲਬਰਟਾ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਕੰਮ ਕਰੇਗੀ ਕਿ ਅਲਬਰਟਾ ਵਾਸੀਆਂ ਨੂੰ ਜਦੋਂ ਅਤੇ ਜਿੱਥੇ ਦੇਖਭਾਲ ਦੀ ਲੋੜ ਪਵੇ ਉਨ੍ਹਾਂ ਨੂੰ ਦੇਖਭਾਲ ਮਿਲੇ। ਨਵੇਂ ਨਿਵੇਸ਼ ਸਾਨੂੰ ਲੋੜੀਂਦੇ ਸਿਹਤ ਸੰਭਾਲ ਸਟਾਫ਼ ਨੂੰ ਸਿਖਲਾਈ ਦੇਣ ਵਿੱਚ ਮਦਦ ਕਰਨਗੇ ਅਤੇ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨਗੇ ਕਿ ਅਲਬਰਟਾ ਦੇ ਵਾਸੀ, ਇੱਥੇ ਘਰ ਬੈਠੇ ਉਨ੍ਹਾਂ ਪ੍ਰੋਗਰਾਮਾਂ ਵਿੱਚ ਦਾਖਲ ਹੋ ਸਕਣ ਜਿਨ੍ਹਾਂ ਵਿੱਚ ਉਹ ਦਾਖਲ ਹੋਣਾ ਚਾਹੁੰਦੇ ਹਨ।

ਅਲਬਰਟਾ ਦੀ ਸਰਕਾਰ ਪੂਰੇ ਸੂਬੇ ਵਿੱਚ ਪੋਸਟ-ਸੈਕੰਡਰੀ ਹੈਲਥ ਕੇਅਰ ਪ੍ਰੋਗਰਾਮਾਂ ਵਿੱਚ 3,400 ਤੋਂ ਵੱਧ ਨਵੀਆਂ ਸੀਟਾਂ ਸ਼ਾਮਲ ਕਰਨ ਲਈ ਤਿੰਨ ਸਾਲਾਂ ਦੌਰਾਨ $72 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ। ਅਲਬਰਟਾ ਦੀ ਸਰਕਾਰ, ਖਾਸ ਕਰਕੇ ਪੇਂਡੂ ਖੇਤਰਾਂ ਅਤੇ ਮਾਹਰ ਖੇਤਰਾਂ ਵਿੱਚ ਨਵੇਂ ਗ੍ਰੈਜੂਏਟ ਡਾਕਟਰਾਂ ਲਈ 100 ਰੈਜ਼ੀਡੈਂਸੀ ਸਿਖਲਾਈ ਸਥਾਨਾਂ ਨੂੰ ਜੋੜਨ ਲਈ $113 ਮਿਲੀਅਨ ਦਾ ਨਿਵੇਸ਼ ਵੀ ਕਰ ਰਹੀ ਹੈ।

ਸਿਹਤ ਦੇਖਭਾਲ ਦੀਆਂ ਜਿਨ੍ਹਾਂ ਚੁਣੌਤੀਆਂ ਦਾ ਅਸੀਂ ਸਾਹਮਣਾ ਕਰ ਰਹੇ ਹਾਂ, ਉਨ੍ਹਾਂ ਨੂੰ ਮਹੱਤਵਪੂਰਨ ਢੰਗ ਨਾਲ ਹੱਲ ਕਰਨ ਲਈ ਅਲਬਰਟਾ ਦੀ ਸਰਕਾਰ 2023 ਦੇ ਬਜਟ ਵਿੱਚ ਕੰਮ ਕਰ ਰਹੀ ਹੈ:

- ਅਗਲੇ ਤਿੰਨ ਸਾਲਾਂ ਵਿੱਚ ਨਰਸਿੰਗ, ਸਿਹਤ ਸੰਭਾਲ ਸਹਾਇਕ ਅਤੇ ਪੈਰਾਮੈਡੀਸਨ ਪ੍ਰੋਗਰਾਮਾਂ ਵਿੱਚ ਲਗਭਗ 1,800 ਨਵੀਆਂ ਸੀਟਾਂ ਸ਼ਾਮਲ ਕਰਨ ਲਈ ਸਿਹਤ ਸੰਭਾਲ ਪ੍ਰੋਗਰਾਮ ਦੇ ਵਿਸਤਾਰ ਵਿੱਚ $30 ਮਿਲੀਅਨ ਦਾ ਨਿਵੇਸ਼ ਕਰਨਾ।
- ਕੈਲਗਰੀ ਯੂਨੀਵਰਸਿਟੀ ਅਤੇ ਅਲਬਰਟਾ ਯੂਨੀਵਰਸਿਟੀ ਵਿੱਚ 120 ਨਵੀਆਂ ਡਾਕਟਰੀ ਸੀਟਾਂ ਸ਼ਾਮਲ ਕਰਨ ਲਈ $20 ਮਿਲੀਅਨ ਦੇ ਕਰੀਬ ਨਿਵੇਸ਼ ਕਰਨਾ।

### ਸੰਬੰਧਤ ਜਾਣਕਾਰੀ

ਅਲਬਰਟਾ ਦੀਆਂ ਕੋਸ਼ਿਸ਼ਾਂ

ਸਿਹਤ ਕਰਮਚਾਰੀਆਂ ਸੰਬੰਧੀ ਰਣਨੀਤੀ

### ਮੀਡੀਆ ਪੁੱਛਗਿੱਛ

ਸੈਮ ਬਲੈਕੇਟ
sam.blackett@gov.ab.ca
587-589-6048
ਪ੍ਰੈੱਸ ਸੈਕ੍ਰੇਟਰੀ, ਐਡਵਾਂਸਡ ਐਜੂਕੇਸ਼ਨ

   - ਫ਼ੰਡ ਦੇਣਾ, ਸਿਹਤ ਮੰਤਰਾਲੇ ਦੇ ਸਹਿਯੋਗ ਨਾਲ ਅਲਬਰਟਾ ਵਿੱਚ ਪੇਂਡੂ ਡਾਕਟਰਾਂ ਦੀ ਗਿਣਤੀ ਵਧਾਉਣ ਵਿੱਚ ਵੀ ਮਦਦ ਕਰੇਗਾ।
- 100 ਰੈਜ਼ੀਡੈਂਸੀ ਸਿਖਲਾਈ ਸਥਾਨਾਂ ਨੂੰ ਸ਼ਾਮਲ ਕਰਨ ਅਤੇ ਮੈਡੀਕਲ ਵਿਦਿਆਰਥੀਆਂ ਨੂੰ ਪੜ੍ਹਾਉਣ ਵਾਲੇ ਅਕਾਦਮਿਕ ਡਾਕਟਰਾਂ ਲਈ ਮੁਆਵਜ਼ੇ ਨੂੰ ਫ਼ੰਡ ਦੇਣ ਲਈ ਮੈਡੀਕਲ ਰੈਜ਼ੀਡੈਂਸੀ ਅਹੁਦਿਆਂ ਵਾਸਤੇ ਤਿੰਨ ਸਾਲਾਂ ਵਿੱਚ $113 ਮਿਲੀਅਨ ਦਾ ਨਿਵੇਸ਼ ਕਰਨਾ।
- ਨਵੇਂ ਬ੍ਰਿਜਿੰਗ ਪ੍ਰੋਗਰਾਮ ਤਿਆਰ ਕਰਕੇ ਅਤੇ 1,500 ਨਵੀਆਂ ਸੀਟਾਂ ਜੋੜਨ ਲਈ ਮੌਜੂਦਾ ਬ੍ਰਿਜਿੰਗ ਪ੍ਰੋਗਰਾਮਾਂ ਵਿੱਚ ਸੀਟਾਂ ਦਾ ਵਿਸਤਾਰ ਕਰਕੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਖਿਅਤ ਨਰਸਾਂ ਦਾ ਹੁਨਰ ਵਧਾਉਣ ਲਈ $22 ਮਿਲੀਅਨ ਦਾ ਨਿਵੇਸ਼ ਕਰਨਾ।
- ਅਮਰੀਕਾ ਅਤੇ ਯੂਨਾਈਟਿਡ ਕਿੰਗਡਮ ਤੋਂ ਅੰਤਰਰਾਸ਼ਟਰੀ ਤੌਰ 'ਤੇ ਸਿਖਲਾਈ ਪ੍ਰਾਪਤ ਨਰਸਾਂ ਦੀ ਟੀਚਾਬੱਧ ਭਰਤੀ ਲਈ ਦੋ ਸਾਲਾਂ ਵਿੱਚ $14 ਮਿਲੀਅਨ ਦਾ ਨਿਵੇਸ਼ ਕਰਨਾ।

2023 ਦੇ ਬਜਟ ਰਾਹੀਂ ਕੀਤੇ ਜਾਣ ਵਾਲੇ ਨਿਵੇਸ਼, ਸਿਹਤ ਕਾਰਜਬਲ ਰਣਨੀਤੀ (Health Workforce Strategy) ਦੇ ਹਿੱਸੇ ਵਜੋਂ ਪਛਾਣੀਆਂ ਗਈਆਂ ਵਚਨਬੱਧਤਾਵਾਂ ਹਨ, ਜੋ ਹਰ ਅਲਬਰਟਾ ਵਾਸੀ ਨੂੰ ਇੱਕ ਸਿਹਤ ਘਰ ਤੱਕ ਪਹੁੰਚ ਪ੍ਰਦਾਨ ਕਰਵਾਉਣ ਲਈ, ਹਰ ਅਲਬਰਟਾ ਵਾਸੀ ਲਈ ਵਰਤਮਾਨ ਅਤੇ ਭਵਿੱਖ ਵਿੱਚ ਲੋੜੀਂਦੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਕਾਰਜਬਲ ਉਪਲਬਧ ਕਰਵਾਕੇ ਕੇ ਇੱਕ ਲਚਕਦਾਰ ਅਤੇ ਟਿਕਾਊ ਸਿਹਤ ਸੰਭਾਲ ਪ੍ਰਣਾਲੀ ਦੀ ਨੀਂਹ ਰੱਖਦੀਆਂ ਹਨ।

ਸਿਹਤ ਦੇਖਭਾਲ ਨਾਲ ਸੰਬੰਧਤ ਸੀਟਾਂ ਵਧਾਉਣ ਦੇ ਹਿੱਸੇ ਵਜੋਂ, ਜਨਤਕ ਤੌਰ 'ਤੇ ਫੰਡ ਪ੍ਰਾਪਤ ਪੋਸਟ-ਸੈਕੰਡਰੀ ਸੰਸਥਾਵਾਂ ਨੂੰ ਸਿਹਤ ਨਾਲ ਸੰਬੰਧਤ ਪ੍ਰੋਗਰਾਮਾਂ ਵਿੱਚ ਸੀਟਾਂ ਵਧਾਉਣ ਲਈ ਪ੍ਰਸਤਾਵ ਪੇਸ਼ ਕਰਨ ਲਈ ਸੱਦਾ ਦਿੱਤਾ ਜਾਵੇਗਾ। ਪ੍ਰੋਗਰਾਮਾਂ ਵਿੱਚ ਇਹ ਪ੍ਰੋਗਰਾਮ ਸ਼ਾਮਲ ਹੋ ਸਕਦੇ ਹਨ: ਰਜਿਸਟਰਡ ਨਰਸਾਂ, ਸਿਹਤ ਦੇਖਭਾਲ ਸਹਾਇਕ, ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸਾਂ, ਨਰਸਿੰਗ ਕੋਆਰਡੀਨੇਟਰ ਅਤੇ ਸੁਪਰਵਾਈਜ਼ਰ, ਪੈਰਾ-ਮੈਡੀਕਲ ਵਾਲੇ ਕਿੱਤੇ, ਹੋਰ ਮੈਡੀਕਲ ਟੈਕਨੋਲੋਜਿਸਟ ਅਤੇ ਟੈਕਨੀਸ਼ੀਅਨ।

ਡਾਕਟਰੀ ਸੀਟਾਂ ਦੇ ਵਿਸਤਾਰ ਨਾਲ ਉਪਲਬਧ ਡਾਕਟਰਾਂ ਦੀਆਂ ਸੀਟਾਂ ਦੀ ਗਿਣਤੀ ਵਿੱਚ 10 ਸਾਲਾਂ ਵਿੱਚ 58% ਵਾਧਾ ਹੋਣ ਦੀ ਉਮੀਦ ਹੈ। 2023 ਦੇ ਬਜਟ ਰਾਹੀਂ, ਐਡਵਾਂਸਡ ਐਜੂਕੇਸ਼ਨ 2023-24 ਵਿੱਚ ਅਲਬਰਟਾ ਯੂਨੀਵਰਸਿਟੀ ਅਤੇ ਕੈਲਗਰੀ ਯੂਨੀਵਰਸਿਟੀ ਵਿੱਚ 20 ਨਵੀਆਂ ਡਾਕਟਰੀ ਸੀਟਾਂ ਦਾ ਸਮਰਥਨ ਕਰਨ ਲਈ $2 ਮਿਲੀਅਨ ਤੋਂ ਵੱਧ ਦਾ ਨਿਵੇਸ਼ ਕਰ ਰਹੀ ਹੈ। 2024-25 ਤੱਕ 60 ਨਵੀਆਂ ਸੀਟਾਂ ਦੇ ਸਮਰਥਨ ਲਈ $5.8 ਮਿਲੀਅਨ ਤੋਂ ਵੱਧ ਦਾ ਨਿਵੇਸ਼ ਅਤੇ 2025-26 ਤੱਕ ਕੁੱਲ 120 ਸੀਟਾਂ ਦਾ ਸਮਰਥਨ ਕਰਨ ਲਈ $11.6 ਮਿਲੀਅਨ ਤੋਂ ਵੱਧ ਦਾ ਨਿਵੇਸ਼। 120 ਨਵੀਆਂ ਸੀਟਾਂ ਵਿੱਚੋਂ, ਕੈਲਗਰੀ ਯੂਨੀਵਰਸਿਟੀ ਅਤੇ ਅਲਬਰਟਾ ਯੂਨੀਵਰਸਿਟੀ, ਦੋਵਾਂ ਵਿੱਚ 60 ਨਵੀਆਂ ਸੀਟਾਂ ਜੋੜੀਆਂ ਜਾਣਗੀਆਂ।

ਤਿੰਨ ਸਾਲਾਂ ਵਿੱਚ $113 ਮਿਲੀਅਨ ਦਾ ਡਾਕਟਰੀ ਸਿਖਲਾਈ ਦਾ ਵਿਸਤਾਰੀ ਨਿਵੇਸ਼, ਅਕੈਡਮਿਕ ਮੈਡੀਸਨ ਐਂਡ ਹੈਲਥ ਸਰਵਿਸਜ਼ ਪ੍ਰੋਗਰਾਮ ਦਾ ਹਿੱਸਾ ਹੈ, ਜੋ ਇਹ ਯਕੀਨੀ ਬਣਾਉਂਦਾ ਹੈ ਕਿ ਅਲਬਰਟਾ ਦੀਆਂ ਦਵਾਈਆਂ ਦੀਆਂ ਫੈਕਲਟੀਜ਼ ਨਾਲ ਜੁੜੇ ਡਾਕਟਰਾਂ ਨੂੰ ਮਰੀਜ਼ਾਂ

ਦੀ ਦੇਖਭਾਲ ਪ੍ਰਦਾਨ ਕਰਨ ਦੇ ਨਾਲ-ਨਾਲ ਖੋਜ, ਨਵੀਨਤਾ, ਸਿੱਖਿਆ, ਪ੍ਰਸ਼ਾਸਨ, ਅਤੇ ਅਗਵਾਈ ਨਾਲ ਸੰਬੰਧਤ ਉਨ੍ਹਾਂ ਦੇ ਕੰਮ ਲਈ ਮੁਆਵਜ਼ਾ ਦਿੱਤਾ ਜਾਂਦਾ ਹੈ।

ਫੰਡਾਂ ਵਿੱਚ ਖਾਸ ਕਰਕੇ ਖੇਤਰੀ ਕੇਂਦਰਾਂ ਵਿੱਚ ਅਤੇ ਪੇਂਡੂ ਭਾਈਚਾਰਿਆਂ ਵਿੱਚ ਵਧੇਰੇ ਡਾਕਟਰਾਂ ਨੂੰ ਸਿਖਲਾਈ ਦੇਣ ਦੀ ਸੂਬੇ ਦੀ ਯੋਗਤਾ ਨੂੰ ਵਧਾਉਣ ਲਈ, ਅਤੇ ਅੰਤਰਰਾਸ਼ਟਰੀ ਮੈਡੀਕਲ ਗ੍ਰੈਜੂਏਟ, ਜਿਨ੍ਹਾਂ ਨੂੰ ਅਲਬਰਟਾ ਵਿੱਚ ਅਭਿਆਸ ਕਰਨ ਤੋਂ ਪਹਿਲਾਂ ਹੋਰ ਸਿਖਲਾਈ ਦੀ ਲੋੜ ਹੈ, ਲਈ 30 ਵਾਧੂ ਰੈਜ਼ੀਡੈਂਸੀ ਅਹੁਦਿਆਂ ਲਈ ਸਹਾਇਤਾ ਸ਼ਾਮਲ ਹੈ। ਇੱਕ ਵਾਰ ਸੀਟਾਂ ਦਾ ਪੂਰੀ ਤਰ੍ਹਾਂ ਵਿਸਥਾਰ ਹੋ ਜਾਣ ਤੋਂ ਬਾਅਦ, ਅਲਬਰਟਾ ਸਾਲਾਨਾ 100 ਤੋਂ ਵੱਧ ਵਾਧੂ ਡਾਕਟਰਾਂ ਨੂੰ ਲਾਇਸੈਂਸ ਦੇਵੇਗਾ ਜੋ ਪ੍ਰੈਕਟਿਸ ਕਰਨ ਲਈ ਤਿਆਰ ਹੋਣਗੇ।

ਅੰਤਰਰਾਸ਼ਟਰੀ ਪੱਧਰ 'ਤੇ ਸਿੱਖਿਅਤ ਨਰਸਾਂ ਦੇ ਸਮਰਥਨ ਵਿੱਚ, ਅਲਬਰਟਾ ਦੀ ਸਰਕਾਰ 900 ਨਵੀਆਂ ਵਿਦਿਆਰਥੀ ਸੀਟਾਂ ਨੂੰ ਜੋੜਨ ਲਈ ਨਵੇਂ ਬ੍ਰਿਜਿੰਗ ਪ੍ਰੋਗਰਾਮ ਬਣਾਉਣ ਦਾ ਸਮਰਥਨ ਕਰਨ ਲਈ $15 ਮਿਲੀਅਨ ਦਾ ਨਿਵੇਸ਼ ਕਰ ਰਹੀ ਹੈ। ਪਿਛਲੇ ਮਹੀਨੇ ਅਲਬਰਟਾ ਦੀ ਸਰਕਾਰ ਨੇ ਘੋਸ਼ਣਾ ਕੀਤੀ ਕਿ ਮਾਊਂਟ ਰੌਇਲ ਯੂਨੀਵਰਸਿਟੀ, ਬੋ ਵੈਲੀ ਕਾਲਜ, ਅਤੇ ਨੋਰਕੁਏਸਟ ਕਾਲਜ ਵਿੱਚ ਮੌਜੂਦਾ ਬ੍ਰਿਜਿੰਗ ਪ੍ਰੋਗਰਾਮਾਂ ਵਿੱਚ 600 ਤੋਂ ਵੱਧ ਨਵੀਆਂ ਸੀਟਾਂ ਬਣਾਉਣ ਲਈ $7.3 ਮਿਲੀਅਨ ਦਾ ਨਿਵੇਸ਼ ਕੀਤਾ ਜਾਵੇਗਾ।

ਇਹ ਨਿਵੇਸ਼ ਪਿਛਲੇ ਸਾਲ ਦੇ ਟੀਚਾਬੱਧ ਦਾਖਲਾ ਵਿਸਤਾਰ 'ਤੇ ਅਧਾਰਤ ਹੈ ਜਿਸ ਨੇ ਸਿਹਤ-ਸੰਬੰਧਤ ਪ੍ਰੋਗਰਾਮਾਂ ਵਿੱਚ 2,500 ਨਵੀਆਂ ਸੀਟਾਂ ਜੋੜੀਆਂ ਹਨ। ਇਸ ਦੇ ਨਾਲ ਹੀ ਲੈਥਬ੍ਰਿਜ (Lethbridge) ਅਤੇ ਗ੍ਰਾਂਡੇ ਪ੍ਰੈਰੀ (Grande Prairie) ਵਿੱਚ ਪੇਂਡੂ ਖੇਤਰਾਂ ਵਿੱਚ ਡਾਕਟਰਾਂ ਲਈ ਸਿਖਲਾਈ ਦਾ ਸਮਰਥਨ ਕਰਨ ਲਈ ਖੇਤਰੀ ਸਿਹਤ ਸਿਖਲਾਈ ਕੇਂਦਰਾਂ ਦਾ ਪਤਾ ਲਗਾਉਣ ਲਈ ਹਾਲ ਹੀ ਵਿੱਚ $1 ਮਿਲੀਅਨ ਦੇ ਨਿਵੇਸ਼ ਦਾ ਐਲਾਨ ਕੀਤਾ ਗਿਆ ਹੈ।

ਇਹ ਸਾਡੀ ਸਿਹਤ ਸੰਭਾਲ ਪ੍ਰਣਾਲੀ ਵਿੱਚ ਸੁਧਾਰ ਲਈ ਸਰਕਾਰ ਦੀ ਵੱਡੀ ਰਣਨੀਤੀ ਦਾ ਇੱਕ ਹੋਰ ਹਿੱਸਾ ਹੈ ਜਿਸ ਵਿੱਚ ਸਿਹਤ ਸੰਭਾਲ ਵਿੱਚ ਇਤਿਹਾਸਕ ਨਿਵੇਸ਼ ਅਤੇ ਸਾਡੀ ਪੋਸਟ-ਸੈਕੰਡਰੀ ਪ੍ਰਣਾਲੀ ਵਿੱਚ ਸਿਹਤ ਸੰਭਾਲ ਪ੍ਰੋਗਰਾਮਾਂ ਦਾ ਵਿਸਤਾਰ ਸ਼ਾਮਲ ਹੈ।

*2023 ਦਾ ਬਜਟ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਸਿਹਤ ਸੰਭਾਲ ਪ੍ਰਣਾਲੀ ਨੂੰ ਨਵਾਂ ਰੂਪ ਦੇ ਕੇ ਅਲਬਰਟਾ ਦੇ ਲੋਕਾਂ ਨੂੰ ਜੀਵਨ ਨਿਰਵਾਹ ਦੀ ਉੱਚ ਲਾਗਤ ਲਈ ਸਮਰਥਨ ਦੇ ਕੇ, ਸਾਡੇ ਭਾਈਚਾਰਿਆਂ ਨੂੰ ਸੁਰੱਖਿਅਤ ਰੱਖ ਕੇ ਅਤੇ ਵਧੇਰੇ ਨੌਕਰੀਆਂ, ਗੁਣਵੱਤਾ ਵਾਲੀ ਸਿੱਖਿਆ ਅਤੇ ਨਿਰੰਤਰ ਵਿਭਿੰਨਤਾ ਨਾਲ ਆਰਥਿਕਤਾ ਨੂੰ ਚਲਾ ਕੇ ਅਲਬਰਟਾ ਦੇ ਭਵਿੱਖ ਨੂੰ ਸੁਰੱਖਿਅਤ ਕਰਦਾ ਹੈ।*

**ਫੌਰੀ ਤੱਥ**

- ਮੌਜੂਦਾ ਨਰਸ ਬ੍ਰਿਜਿੰਗ ਪ੍ਰੋਗਰਾਮਾਂ ਦਾ ਵਿਸਤਾਰ ਕਰਨ ਲਈ $7.3 ਮਿਲੀਅਨ ਦਾ ਨਿਵੇਸ਼ ਕੀਤਾ ਜਾਵੇਗਾ, ਜਿਸ ਨਾਲ:
  - ਮਾਊਂਟ ਰੌਇਲ ਯੂਨੀਵਰਸਿਟੀ ਵਿਖੇ ਰਜਿਸਟਰਡ ਨਰਸ ਬ੍ਰਿਜਿੰਗ ਪ੍ਰੋਗਰਾਮ ਲਈ 256 ਨਵੀਆਂ ਸੀਟਾਂ ਮਿਲਣਗੀਆਂ,

- ਉਨ੍ਹਾਂ ਦੇ ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸ ਬ੍ਰਿਜਿੰਗ ਪ੍ਰੋਗਰਾਮ ਲਈ ਬੋ ਵੈਲੀ ਕਾਲਜ ਵਿਖੇ 120 ਨਵੀਆਂ ਸੀਟਾਂ ਮਿਲਣਗੀਆਂ ਅਤੇ,
- ਉਨ੍ਹਾਂ ਦੇ ਲਾਇਸੰਸਸ਼ੁਦਾ ਪ੍ਰੈਕਟੀਕਲ ਨਰਸ ਬ੍ਰਿਜਿੰਗ ਪ੍ਰੋਗਰਾਮ ਲਈ ਨੋਰਕੁਏਸਟ ਕਾਲਜ ਵਿੱਚ 250 ਨਵੀਆਂ ਸੀਟਾਂ ਮਿਲਣਗੀਆਂ।